## ਪ੍ਰਾਈਵੇਟ ਕਮੇਟੀਆਂ ਲਈ ਤੱਥ ਸ਼ੀਟ

# ਰੀਅਲ ਪ੍ਰਾਪਰਟੀ ਦੀ ਵਿਕਰੀ

## ਪਬਲਿਕ ਗਾਰਡੀਅਨ ਐਂਡ ਟਰੱਸਟੀ

ਕਮੇਟੀ ਔਫ ਇਸਟੇਟ ਵਜੋਂ, ਤੁਸੀਂ ਉਸ ਅਸਮਰੱਥ ਬਾਲਗ ਦੀ ਮਾਲਕੀ ਵਾਲੀ ਕਿਸੇ ਰੀਅਲ ਪ੍ਰਾਪਰਟੀ ਵੇਚਣ ਦਾ ਫੈਸਲਾ ਕਰ ਸਕਦੇ ਹੋ ਜਿਸ ਦੇ ਤੁਸੀਂ ਨੁਮਾਇੰਦੇ ਹੋ। ਵੇਚਣ ਦਾ ਫੈਸਲਾ ਕਰਨ ਵੇਲੇ ਵਿਚਾਰੇ ਜਾਣ ਵਾਲੇ ਪੱਖਾਂ ਲਈ ਕਿਰਪਾ ਕਰਕੇ ਪ੍ਰਾਈਵੇਟ ਕਮੇਟੀ ਹੈਂਡਬੁੱਕ ਦੇਖੋ। ਜਦੋਂ ਤੁਸੀਂ ਬਾਲਗ ਦੀ ਰੀਅਲ ਪ੍ਰਾਪਰਟੀ ਵੇਚਣ ਦਾ ਫੈਸਲਾ ਕਰ ਲਿਆ ਤਾਂ ਇਹ ਤੱਥ ਸ਼ੀਟ ਉਨ੍ਹਾਂ ਗਾਈਡਲਾਈਨਾਂ ਬਾਰੇ ਦੱਸਦੀ ਹੈ ਜਿਨ੍ਹਾਂ ਦੀ ਤੁਸੀਂ ਪਾਲਣਾ ਕਰਨੀ ਹੈ ਅਤੇ ਇਹ ਬੰਦਸ਼ਾਂ ਵਾਲੀ ਰੀਅਲ ਪ੍ਰਾਪਰਟੀ ਨੂੰ ਵੇਚਣ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਤੋਂ ਮਨਜ਼ੂਰੀ ਲੈਣ ਲਈ ਤਿਆਰੀ ਕਰਨ ਵਿਚ ਤੁਹਾਡੀ ਮਦਦ ਕਰਦੀ ਹੈ।

## ਰੀਅਲ ਪ੍ਰਾਪਰਟੀ ਨੂੰ ਵੇਚਣ ਲਈ ਲਿਸਟ ਕਰਨਾ

- **ਪੇਸ਼ਾਵਰ ਮਦਦ ਲਵੋ:** ਰੀਅਲ ਪ੍ਰਾਪਰਟੀ ਦੀ ਵਿਕਰੀ ਇਕ ਗੁੰਝਲਦਾਰ ਅਤੇ ਸਮਾਂ ਲਗਾਉਣ ਵਾਲਾ ਕੰਮ ਹੋ ਸਕਦਾ ਹੈ ਜਿਸ ਦੀ ਵਿਕਰੀ ਲਈ ਕਿਸੇ ਰੀਅਲਟਰ ਅਤੇ ਪ੍ਰਾਪਰਟੀ ਦੇ ਇੰਤਕਾਲ ਲਈ ਕਿਸੇ ਵਕੀਲ ਜਾਂ ਨੋਟਰੀ ਪਬਲਿਕ ਦੀ ਲੋੜ ਹੁੰਦੀ ਹੈ। ਇਸ ਲਈ ਵਾਜਬ ਖਰਚੇ ਵਿਕਰੀ ਵਿੱਚੋਂ ਦਿੱਤੇ ਜਾਂਦੇ ਹਨ।

- **ਇਕ ਨਿਰਪੱਖ ਅਪਰੇਜ਼ਲ ਕਰਵਾਉ:** ਪ੍ਰਾਪਰਟੀ ਦੀ ਮਾਰਕੀਟ ਦੀ ਵਾਜਬ ਕੀਮਤ ਦਾ ਪਤਾ ਲਾਉਣ ਲਈ ਕਿਸੇ ਯੋਗਤਾ ਪ੍ਰਾਪਤ, ਆਜ਼ਾਦ ਅਪਰੇਜ਼ਰ ਤੋਂ ਅਪਰੇਜ਼ਲ ਕਰਵਾਉ (ਕੀਮਤ ਦਾ ਅੰਦਾਜ਼ਾ ਲਗਵਾਉ)। (ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਤੁਹਾਡੇ ਰੀਅਲਟਰ ਨੂੰ ਆਜ਼ਾਦ ਨਹੀਂ ਸਮਝਿਆ ਜਾਂਦਾ।) ਇਸ ਨਾਲ ਤੁਸੀਂ ਢੁਕਵੀਂ ਕੀਮਤ ’ਤੇ ਲਿਸਟ ਕਰੋਗੇ ਅਤੇ ਵੇਚਣ ਦੇ ਕਾਰਜ ਦੌਰਾਨ ਔਫਰਾਂ ’ਤੇ ਵਿਚਾਰ ਕਰਨ ਵੇਲੇ ਜਾਣਕਾਰੀ ਵਾਲੇ ਫੈਸਲੇ ਕਰੋਗੇ।

- **ਇਹ ਚੈੱਕ ਕਰੋ ਕਿ ਕੀ ਬਾਲਗ ਦੀ ਵਸੀਅਤ ਵਿਚ ਇਸ ਬਾਰੇ ਜ਼ਿਕਰ ਕੀਤਾ ਗਿਆ ਹੈ:** ਜੇ ਤੁਸੀਂ ਕੋਈ ਅਜਿਹੀ ਰੀਅਲ ਪ੍ਰਾਪਰਟੀ ਵੇਚਣੀ ਜਾਂ ਤਬਦੀਲ ਕਰਨਾ ਚਾਹੁੰਦੇ ਹੋਵੋ ਜਿਹੜੀ ਬਾਲਗ ਦੀ ਵਸੀਅਤ ਵਿਚ ਕੋਈ ਖਾਸ ਤੋਹਫਾ ਹੈ ਤਾਂ ਤੁਹਾਨੂੰ *ਵਿਲਜ਼, ਇਸਟੇਟਸ, ਐਂਡ ਸਕਸੈਸ਼ਨ ਐਕਟ* ਦੇ ਸੈਕਸ਼ਨ 48 ਦੀ ਪਾਲਣਾ ਕਰਨ ਲਈ ਮਿਲੀ ਰਕਮ ਦਿਖਾਉਣ ਵਾਲੇ ਜਾਂ ਪ੍ਰਾਪਰਟੀ ਦੀ ਵਾਜਬ ਕੀਮਤ ਦੇ ਪੇਪਰ ਸਾਂਭਣੇ ਚਾਹੀਦੇ ਹਨ।

- **ਬੰਦਸ਼ਾਂ ਲਈ ਅਦਾਲਤ ਦੇ ਆਰਡਰ ਨੂੰ ਰਿਵੀਊ ਕਰੋ:** ਰੀਅਲ ਪ੍ਰਾਪਰਟੀ ਨਾਲ ਡੀਲ ਕਰਨ ਦੀ ਤੁਹਾਡੀ ਸਮਰੱਥਾ ’ਤੇ ਤੁਹਾਨੂੰ ਨਿਯੁਕਤ ਕਰਨ ਵਾਲੇ ਅਦਾਲਤ ਦੇ ਆਰਡਰ ਨੇ ਬੰਦਸ਼ਾਂ ਲਗਾਈਆਂ ਹੋ ਸਕਦੀਆਂ ਹਨ। ਜੇ ਅਜਿਹਾ ਹੈ ਤਾਂ ਵਿਕਰੀ ਦੀ ਪ੍ਰਵਾਨਗੀ ਲੈਣ ਲਈ ਤੁਹਾਨੂੰ ਪੀ ਜੀ ਟੀ ਦੀ ਜਾਂ ਅਦਾਲਤ ਦੇ ਆਰਡਰ ਦੀ ਲੋੜ ਹੋ ਸਕਦੀ ਹੈ। ਖਰੀਦਣ ਲਈ ਪ੍ਰਵਾਨ ਕੀਤੀ ਗਈ ਕਿਸੇ ਵੀ ਔਫਰ ਵਿਚ ਵੈਂਡਰ ਦਾ ਸਬਜੈਕਟ “ਸਬਜੈਕਟ ਟੂ ਦਾ ਅਪਰੂਵਲ ਔਫ ਦਾ ਪਬਲਿਕ ਗਾਰਡੀਅਨ ਐਂਡ ਟਰੱਸਟੀ” ਜਾਂ ਬਦਲਵੇਂ ਰੂਪ ਵਿਚ “ਸਬਜੈਕਟ ਟੂ ਏ ਕੋਰਟ ਆਰਡਰ ਅਪਰੂਵਿੰਗ ਦਾ ਸੇਲ” ਹੋਣਾ ਚਾਹੀਦਾ ਹੈ। ਨੋਟ: ਤੁਹਾਨੂੰ ਕਮੇਟੀ ਵਜੋਂ ਨਿਯੁਕਤੀ ਦੇ ਅਦਾਲਤੀ ਆਰਡਰ ਦੀ ਲੋੜ ਹੈ।

## ਔਫਰ ਪ੍ਰਵਾਨ ਕਰਨਾ: ਜਿਸ ਰੀਅਲ ਪ੍ਰਾਪਰਟੀ ’ਤੇ ਅਦਾਲਤ ਦੇ ਆਰਡਰ ਦੀ ਬੰਦਸ਼ ਨਹੀਂ ਹੈ

ਤੁਸੀਂ ਪ੍ਰਾਪਰਟੀ ਖਰੀਦਣ ਲਈ ਕਿਸੇ ਵੀ ਵਾਜਬ ਔਫਰ ਨੂੰ ਪ੍ਰਵਾਨ ਕਰਨ ਲਈ ਆਜ਼ਾਦ ਹੋ। ਪਰ, ਜੇ ਤੁਸੀਂ ਪ੍ਰਾਪਰਟੀ ਨੂੰ ਅਪਰੇਜ਼ ਕੀਤੀ ਹੋਈ ਕੀਮਤ ਨਾਲੋਂ ਘੱਟ ਕੀਮਤ ’ਤੇ ਵੇਚਣਾ ਚਾਹੁੰਦੇ ਹੋਵੋ, ਜਾਂ ਕਿਸੇ ਅਜਿਹੇ ਵਿਅਕਤੀ ਨੂੰ ਜਿਹੜਾ ਨੇੜਲਾ ਹੈ (ਜਿਵੇਂ ਕਿ ਤੁਸੀਂ ਜਾਂ ਕੋਈ ਸੰਬੰਧਿਤ ਪਾਰਟੀ) ਤਾਂ ਪਹਿਲਾਂ ਪੀ ਜੀ ਟੀ ਕਮੇਟੀ ਰਿਵੀਊ ਅਫਸਰ (ਸੀ ਆਰ ਓ) ਨਾਲ ਵਿਚਾਰ ਕਰੋ। ਵਿਕਰੀ ਦੇ ਪੇਪਰ ਅਤੇ ਵੈਂਡਰ ਦੀ ਸਟੇਟਮੈਂਟ ਔਫ ਅਡਜਸਟਮੈਂਟਸ ਸਾਂਭੋ, ਅਤੇ ਅਕਾਊਂਟਸ ਨੂੰ ਰਿਵੀਊ ਲਈ ਦਰਜ ਕਰਵਾਉਣ ਵੇਲੇ ਨਾਲ ਲਾਉ।

PUBLIC GUARDIAN
AND TRUSTEE OF
BRITISH COLUMBIA

## ਔਫਰ ਪ੍ਰਵਾਨ ਕਰਨਾ: ਜਿਸ ਰੀਅਲ ਪ੍ਰਾਪਰਟੀ ’ਤੇ ਅਦਾਲਤ ਦੇ ਆਰਡਰ ਨਾਲ ਬੰਦਸ਼ ਹੈ

ਜੇ ਪ੍ਰਾਪਰਟੀ ਬੰਦਸ਼ ਵਾਲੀ ਹੈ, ਤਾਂ ਤੁਹਾਡੇ ਲਈ ਵਿਕਰੀ ਦੀ ਆਗਿਆ ਲੈਣ ਲਈ ਪੀ ਜੀ ਟੀ ਦੀ ਪ੍ਰਵਾਨਗੀ ਜਾਂ ਅਦਾਲਤ ਦਾ ਆਰਡਰ ਲੈਣਾ ਜ਼ਰੂਰੀ ਹੈ।

**ਕਿਰਪਾ ਕਰਕੇ ਨੋਟ ਕਰੋ: ਬੰਦਸ਼ ਵਾਲੀ ਰੀਅਲ ਪ੍ਰਾਪਰਟੀ ਦੇ ਸਬੰਧ ਵਿਚ ਪ੍ਰਵਾਨਗੀ ਦੇਣ ਲਈ, ਪੀ ਜੀ ਟੀ ਨੂੰ ਰਿਵੀਊ ਕਰਨ ਅਤੇ ਜਵਾਬ ਦੇਣ ਲਈ ਘੱਟੋ ਘੱਟ ਪੰਜ ਕੰਮਕਾਰੀ ਦਿਨਾਂ ਦੀ ਲੋੜ ਹੈ। ਸਾਰੇ ਲੋੜੀਂਦੇ ਪੇਪਰ (ਡਾਕੂਮੈਂਟ) ਦੇਣ ਵਿਚ ਫੇਲ੍ਹ ਹੋਣ ਨਾਲ ਪੀ ਜੀ ਟੀ ਦੇ ਰਿਵੀਊ ਦੀ ਤੁਹਾਡੀ ਬੇਨਤੀ ਨੂੰ ਪੂਰੀ ਹੋਣ ਵਿਚ ਦੇਰੀ ਹੋਵੇਗੀ।**

### ਆਪਣੀ ਬੇਨਤੀ ਦਰਜ ਕਰਵਾਉਣਾ

ਪੀ ਜੀ ਟੀ ਦੀ ਪ੍ਰਵਾਨਗੀ ਲੈਣ ਲਈ ਆਪਣੀ ਬੇਨਤੀ ਨੂੰ ਲਿਖਤੀ ਰੂਪ ਵਿਚ ਈਮੇਲ, ਫੈਕਸ ਰਾਹੀਂ ਜਾਂ ਪੀ ਜੀ ਟੀ ਨੂੰ ਚਿੱਠੀ ਦੇ ਰੂਪ ਵਿਚ “ਅਟੈਨਸ਼ਨ: ਪ੍ਰਾਈਵੇਟ ਕਮੇਟੀ ਸਰਵਿਸਿਜ਼” ’ਤੇ ਭੇਜੋ ਅਤੇ ਇਹ ਚੀਜ਼ਾਂ ਸ਼ਾਮਲ ਕਰੋ:

- ☑ ਉਸ ਕੌਨਟਰੈਕਟ ਔਫ ਪਰਚੇਜ਼ ਐਂਡ ਸੇਲ ਦੀ ਕਾਪੀ ਜਿਸ ’ਤੇ ਪੀ ਜੀ ਟੀ ਦੀ ਪ੍ਰਵਾਨਗੀ ਲੈਣੀ ਹੈ;
- ☑ ਇਕ ਆਜ਼ਾਦ ਅਪਰੇਜ਼ਲ (ਰੀਅਲਟਰ ਦੀ ਨਹੀਂ) ਜੋ ਕਿ ਛੇ ਮਹੀਨੇ ਤੋਂ ਘੱਟ ਪੁਰਾਣੀ ਹੋਣੀ ਚਾਹੀਦੀ ਹੈ;
- ☑ ਇਸ ਚੀਜ਼ ਦਾ ਸੰਖੇਪ ਬਿਆਨ ਕਿ ਪ੍ਰਾਪਰਟੀ ਵੇਚਣ ਦਾ ਕਾਰਨ ਕੀ ਹੈ, ਇਹ ਜ਼ਾਹਰ ਕਰਦੇ ਹੋਏ ਕਿ ਵਿਕਰੀ ਅਸਮਰੱਥ ਬਾਲਗ ਦੇ ਬਿਹਤਰ ਹਿੱਤਾਂ ਵਿਚ ਕਿਉਂ ਹੈ; ਅਤੇ
- ☑ ਤੁਹਾਡੇ ਰੀਅਲਟਰ ਅਤੇ ਵਕੀਲ/ਨੋਟਰੀ ਪਬਲਿਕ, ਜੇ ਹੋਵੇ ਨਾਲ ਸੰਪਰਕ ਜਾਣਕਾਰੀ।

ਕਿਰਪਾ ਕਰਕੇ ਨੋਟ ਕਰੋ ਕਿ ਜੇ ਤੁਹਾਡੀ ਕਮੇਟੀਸ਼ਿਪ ’ਤੇ ਨਿਗਰਾਨੀ ਰੱਖਣ ਦਾ ਪੀ ਜੀ ਟੀ ਦਾ ਹੁਣ ਰੋਲ ਨਹੀਂ ਰਿਹਾ, ਜਿਵੇਂ ਕਿ ਜੇ ਬਾਲਗ ਦੀ ਮੌਤ ਹੋ ਗਈ ਹੈ ਜਾਂ ਉਹ ਪੱਕੇ ਤੌਰ ’ਤੇ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਰਹਿ ਰਿਹਾ ਹੈ ਤਾਂ ਤੁਹਾਡੀ ਬੇਨਤੀ ’ਤੇ ਵਿਚਾਰ ਨਹੀਂ ਕੀਤੀ ਜਾਵੇਗੀ।

### ਰਿਵੀਊ ਦਾ ਕਾਰਜ

ਕੋਈ ਸੀ ਆਰ ਓ ਤੁਹਾਡੀ ਬੇਨਤੀ ’ਤੇ ਵਿਚਾਰ ਕਰੇਗਾ ਅਤੇ ਇਹ ਪੱਕਾ ਕਰਨ ਲਈ ਉਸ ਨੂੰ ਹੋਰ ਜਾਣਕਾਰੀ ਦੀ ਲੋੜ ਹੋ ਸਕਦੀ ਹੈ ਕਿ ਤਜਵੀਜ਼ਸ਼ੁਦਾ ਵਿਕਰੀ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ। ਜੇ ਤੁਹਾਡੀ ਬੇਨਤੀ ਨੂੰ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ ਤਾਂ ਪੀ ਜੀ ਟੀ ਇਕ ਚਿੱਠੀ ਭੇਜੇਗਾ ਜਿਸ ਵਿਚ ਸਕਿਉਰਟੀ ਦੀਆਂ ਸ਼ਰਤਾਂ ਬਾਰੇ ਦੱਸਿਆ ਗਿਆ ਹੋਵੇਗਾ ਅਤੇ ਫਾਰਮ ਏ ਟ੍ਰਾਂਸਫਰ ਦੀ ਦਸਖਤਾਂ ਵਾਲੀ ਕਾਪੀ ਮੰਗੀ ਗਈ ਹੋਵੇਗੀ।

#### ਸਕਿਉਰਟੀ ਦੀਆਂ ਮੰਗਾਂ

ਜਦੋਂ ਬੰਦਸ਼ਾਂ ਵਾਲੀ ਰੀਅਲ ਪ੍ਰਾਪਰਟੀ ਵੇਚੀ ਜਾਂਦੀ ਹੈ ਤਾਂ ਪੀ ਜੀ ਟੀ ਵਿਕਰੀ ਦੀ ਕੁੱਲ ਆਮਦਨ ਨੂੰ ਕਵਰ ਕਰਨ ਲਈ ਸਕਿਉਰਟੀ ਦੀ ਮੰਗ ਕਰੇਗਾ। ਤੁਹਾਨੂੰ ਕਮੇਟੀ ਨਿਯੁਕਤ ਕਰਨ ਵਾਲੇ ਅਦਾਲਤ ਦੇ ਆਰਡਰ ਵਿਚ ਪਹਿਲਾਂ ਹੀ ਅਜਿਹੀ ਬੰਦਸ਼ ਹੋ ਸਕਦੀ ਹੈ।

- *ਜੇ ਵਿਕਰੀ ਦੀ ਕੁੱਲ ਆਮਦਨ ’ਤੇ ਅਦਾਲਤ ਦੇ ਆਰਡਰ ਨਾਲ ਬੰਦਸ਼ਾਂ ਹਨ:*
  ਵਿਕਰੀ ਨੂੰ ਪ੍ਰਵਾਨਗੀ ਦੇਣ ਤੋਂ ਪਹਿਲਾਂ, ਪੀ ਜੀ ਟੀ ਤੁਹਾਡੇ ਤੋਂ ਇਹ ਤਸਦੀਕ ਕਰਨ ਦੀ ਮੰਗ ਕਰੇਗਾ ਕਿ ਜੇ ਵਿੱਤੀ ਸੰਸਥਾ ਨੂੰ ਆਮਦਨ ਜਾਣੀ ਹੈ ਤਾਂ ਉਸ ਨੂੰ ਅਦਾਲਤ ਦੇ ਆਰਡਰ ਦੀ ਕਾਪੀ ਦੇ ਦਿੱਤੀ ਗਈ ਹੈ ਅਤੇ ਉਸ ਨੂੰ ਦੱਸ ਦਿੱਤਾ ਗਿਆ ਹੈ ਕਿ ਰਕਮ ’ਤੇ ਬੰਦਸ਼ਾਂ ਹਨ।

- *ਜੇ ਵਿਕਰੀ ਦੀ ਕੁੱਲ ਆਮਦਨ ’ਤੇ ਅਦਾਲਤ ਦੇ ਆਰਡਰ ਨਾਲ ਬੰਦਸ਼ਾਂ ਨਹੀਂ ਹਨ:*
  ਵਿਕਰੀ ਨੂੰ ਪ੍ਰਵਾਨਗੀ ਦੇਣ ਤੋਂ ਪਹਿਲਾਂ, ਪੀ ਜੀ ਟੀ ਤੁਹਾਡੇ ਤੋਂ ਅਤੇ ਜਿਸ ਵਿੱਤੀ ਸੰਸਥਾ ਵਿਚ ਆਮਦਨ ਜਾ ਰਹੀ ਹੈ, ਉਸ ਤੋਂ ਇਹ ਮੰਗ ਕਰੇਗਾ ਕਿ ਉਹ ਨਾ ਬਦਲਣ ਯੋਗ ਲੈਟਰ ਔਫ ਡਾਇਰੈਕਸ਼ਨ ’ਤੇ ਦਸਖਤ ਕਰਨ ਜਿਸ ਵਿਚ ਇਹ ਲਿਖਿਆ ਹੋਵੇ ਕਿ ਫੰਡਾਂ ਤੱਕ ਪਹੁੰਚ ਪੀ ਜੀ ਟੀ ਦੀ ਪ੍ਰਵਾਨਗੀ ਜਾਂ ਭਵਿੱਖ ਵਿਚ ਅਦਾਲਤ ਦੇ ਆਰਡਰ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ। ਜੇ ਲੋੜ ਹੋਵੇ ਤਾਂ ਸੀ ਆਰ ਓ ਨਾ ਬਦਲਣ ਯੋਗ ਲੈਟਰ ਔਫ ਡਾਇਰੈਕਸ਼ਨ ਦੀ ਟੈਮਪਲੇਟ ਪ੍ਰਦਾਨ ਕਰ ਸਕਦਾ ਹੈ।

### ਟਾਈਟਲ ਦੀ ਬਦਲੀ

ਫਾਰਮ ਏ ਟ੍ਰਾਂਸਫਰ ਅਤੇ ਜਿਵੇਂ ਲਾਗੂ ਹੋਵੇ ਨਾ ਬਦਲਣ ਯੋਗ ਲੈਟਰ ਔਫ ਡਾਇਰੈਕਸ਼ਨ ਜਾਂ ਇਹ ਤਸਦੀਕ ਕਿ ਆਮਦਨ ਪ੍ਰਾਪਤ ਕਰਨ ਵਾਲੀ ਵਿੱਤੀ ਸੰਸਥਾ ਨੂੰ ਤੁਹਾਡਾ ਆਰਡਰ ਦੇ ਦਿੱਤਾ ਗਿਆ ਹੈ ਤਾਂ ਪੀ ਜੀ ਟੀ ਲੈਂਡ ਟਾਈਟਲ ਸਰਵੇ ਅਥਾਰਟੀ ਦੇ ਨਾਂ 'ਤੇ ਇਕ ਚਿੱਠੀ ਦੇਵੇਗਾ ਜਿਸ ਵਿਚ ਟਾਈਟਲ ਦੀ ਬਦਲੀ ਦੀ ਸਹਿਮਤੀ ਦਿੱਤੀ ਗਈ ਹੋਵੇਗੀ।

ਵਿਕਰੀ ਬਾਰੇ ਦੱਸਦੇ ਹੋਏ ਪੇਪਰ, ਵੈਂਡਰ ਦੀ ਸਟੇਟਮੈਂਟ ਔਫ ਅਡਜਸਟਮੈਂਟਸ ਸਮੇਤ ਸਾਂਝੇ ਜਾਣੇ ਚਾਹੀਦੇ ਹਨ ਅਤੇ ਰਿਵੀਊ ਲਈ ਆਪਣਾ ਅਕਾਊਂਟ ਦਰਜ ਕਰਵਾਉਣ ਵੇਲੇ ਨਾਲ ਲਗਾਏ ਜਾਣੇ ਚਾਹੀਦੇ ਹਨ।

## ਗੁੰਝਲਦਾਰ ਅਤੇ ਨਾਮਨਜ਼ੂਰ ਬੇਨਤੀਆਂ

ਬਹੁਤੇ ਕੇਸਾਂ ਵਿਚ, ਜਦੋਂ ਉੱਪਰ ਦੱਸੇ ਗਏ ਸਾਰੇ ਪੇਪਰ ਦੇ ਦਿੱਤੇ ਜਾਣ ਅਤੇ ਸਕਿਉਰਟੀ ਦਾ ਪ੍ਰਬੰਧ ਹੋ ਜਾਵੇ ਤਾਂ ਪੀ ਜੀ ਟੀ ਬੰਦਸ਼ਾਂ ਵਾਲੀ ਪ੍ਰਾਪਰਟੀ ਦੀ ਵਿਕਰੀ ਨੂੰ ਪ੍ਰਵਾਨਗੀ ਦੇ ਦੇਵੇਗੀ। ਕੁਝ ਕੇਸਾਂ ਵਿਚ, ਹੋਰ ਜਾਣਕਾਰੀ ਦੀ ਮੰਗ ਕੀਤੀ ਜਾਵੇਗੀ, ਰਿਵੀਊ ਦਾ ਕਾਰਜ ਲੇਟ ਹੋ ਸਕਦਾ ਹੈ ਅਤੇ ਪੀ ਜੀ ਟੀ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਸਕਦਾ ਹੈ, ਜਿਸ ਵਿਚ ਇਸ ਤਰ੍ਹਾਂ ਦੀਆਂ ਵਿਕਰੀਆਂ ਵੀ ਸ਼ਾਮਲ ਹਨ:

- ਜਿਹੜੀਆਂ ਅਪਰੇਜ਼ਡ ਕੀਮਤ ਨਾਲੋਂ ਘੱਟ ਹਨ;
- ਨੇੜਲੀ ਧਿਰ ਨੂੰ ਹਨ;
- ਬਿਨਾਂ ਰੀਅਲਟਰ ਦੇ ਹਨ;
- ਜਿੱਥੇ ਗੁੰਝਲਦਾਰ ਕਾਨੂੰਨੀ ਜਾਂ ਮਾਲਕੀ ਦੇ ਮਸਲੇ ਹਨ; ਜਾਂ
- ਜਿੱਥੇ ਇਸ ਚੀਜ਼ ਬਾਰੇ ਹੋਰ ਸਰੋਕਾਰ ਹਨ ਕਿ ਵਿਕਰੀ ਸ਼ਾਇਦ ਬਾਲਗ ਦੇ ਬਿਹਤਰ ਹਿੱਤਾਂ ਵਿਚ ਨਹੀਂ ਹੈ।

ਜੇ ਤੁਹਾਡੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਂਦੀ ਤਾਂ ਤੁਹਾਡੇ ਕੋਲ *ਪੇਸ਼ੈਂਟਸ ਪ੍ਰਾਪਰਟੀ ਐਕਟ* ਦੇ ਸੈਕਸ਼ਨ 28 ਅਧੀਨ ਪ੍ਰਵਾਨ ਕਰਵਾਉਣ ਲਈ ਅਦਾਲਤ ਦੇ ਆਰਡਰ ਲਈ ਅਰਜ਼ੀ ਕਰਨ ਦੀ ਚੋਣ ਹੈ। ਪੀ ਜੀ ਟੀ ਨੂੰ ਤੁਹਾਡੀ ਅਰਜ਼ੀ ਦਾ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ, ਅਤੇ ਇਹ ਕੋਈ ਪੱਖ ਨਹੀਂ ਲੈ ਸਕਦਾ ਹੈ, ਜਾਂ ਜੇ ਕੋਈ ਫਿਕਰ ਹੋਣ ਤਾਂ ਤੁਹਾਡੀ ਅਰਜ਼ੀ ਦੀ ਵਿਰੋਧਤਾ ਕਰੇਗਾ।

## ਜ਼ਿਆਦਾ ਜਾਣਕਾਰੀ

ਇਸ ਤੱਥ ਸ਼ੀਟ ਦਾ ਮਕਸਦ, ਪੀ ਜੀ ਟੀ ਨਾਲ ਅਸਰਦਾਰ ਤਰੀਕੇ ਅਤੇ ਕਾਮਯਾਬੀ ਨਾਲ ਕੰਮ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਆਮ ਸਲਾਹ ਅਤੇ ਸੇਧ ਦੇਣਾ ਹੈ। ਜੇ ਆਪਣੀ ਖਾਸ ਹਾਲਤ ਬਾਰੇ ਤੁਹਾਡੇ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਬੇਝਿਜਕ ਪ੍ਰਾਈਵੇਟ ਕਮੇਟੀ ਸਰਵਿਸਿਜ਼ ਡਿਪਾਰਟਮੈਂਟ ਨਾਲ ਸੰਪਰਕ ਕਰੋ ਅਤੇ ਕਿਸੇ ਕਮੇਟੀ ਰਿਵੀਊ ਅਫਸਰ ਨਾਲ ਗੱਲ ਕਰਨ ਲਈ ਕਹੋ।

ਜੇ ਕਮੇਟੀਸ਼ਿਪ ਬਾਰੇ ਤੁਹਾਡੇ ਕੋਈ ਹੋਰ ਸਵਾਲ ਹੋਣ ਤਾਂ ਕਿਰਪਾ ਕਰਕੇ www.trustee.bc.ca 'ਤੇ ਪ੍ਰਾਈਵੇਟ ਕਮੇਟੀ ਸਰਵਿਸਿਜ਼ ਪੇਜਿਜ਼ ਦੇਖੋ, ਜਾਂ ਪ੍ਰਾਈਵੇਟ ਕਮੇਟੀ ਸਰਵਿਸਿਜ਼ ਡਿਪਾਰਟਮੈਂਟ ਨਾਲ ਸੰਪਰਕ ਕਰੋ।

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
700-808 West Hastings Street
Vancouver BC V6C 3L3
ਫੋਨ: 604.660.1500
ਵੈੱਬਸਾਈਟ: www.trustee.bc.ca
ਈਮੇਲ: webmail@trustee.bc.ca

**ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

**ਦੂਰੋਂ ਮੁਫਤ ਕਾਲਿੰਗ**

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) **ਪਬਲਿਕ ਗਾਰਡੀਅਨ ਐਂਡ ਟਰੱਸਟੀ** ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ☎ ਵੈਨਕੂਵਰ | 604.660.2421 |
| ☎ ਵਿਕਟੋਰੀਆ | 250.387.6121 |
| ☎ ਬੀ ਸੀ ਵਿਚ ਹੋਰ ਇਲਾਕੇ | 1.800.663.7867 |